ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ।

(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ)
ਪੰਜਾਬ।
ਮੀਮੋ ਨੰ.ਈ-559957/202423/019
ਮਿਤੀ:- 10-09-2024

ਵਿਸ਼ਾ- ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ਼ (ਕੰਪੋਨੈਂਟ 1 ਅਤੇ 2) ਸਕੀਮ ਅਧੀਨ ਸਾਲ 2024-25 ਦੇ ਯੋਗ ਲਾਭਪਾਤਰੀਆਂ ਨੂੰ ਐਨ.ਐਸ.ਪੀ. ਪੋਰਟਲ ਤੇ ਅਪਲਾਈ ਕਰਵਾਉਣ ਸਬੰਧੀ ।

ਹਵਾਲਾ- ਇਸ ਦਫਤਰ ਦੇ ਪੱਤਰ ਨੰ E-559957/2024180416 ਮਿਤੀ 24.07.2024 ਅਤੇ 2024209295 ਮਿਤੀ 22.08.2024 ਦੇ ਸਬੰਧ ਵਿਚ।

1. ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਆਪ ਨੂੰ ਪਹਿਲਾਂ ਵੀ ਕਈ ਵਾਰ ਲਿਖਿਆ ਜਾ ਚੁੱਕਾ ਹੈ ਕਿ ਉਕਤ ਸਕੀਮਾਂ ਅਧੀਨ ਐਨ.ਐਸ.ਪੀ. ਪੋਰਟਲ ਤੇ ਵੱਧ ਤੋਂ ਵੱਧ ਯੋਗ ਲਾਭਪਾਤਰੀਆਂ ਨੂੰ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਪ੍ਰੰਤੂ ਦੇਖਣ ਵਿਚ ਆਇਆ ਹੈ ਕਿ ਸਾਲ 2024-25 ਦੌਰਾਨ ਪੰਜਾਬ ਰਾਜ ਵਿਚ ਨੌਵੀ ਅਤੇ ਦਸਵੀ ਦੇ ਸਰਕਾਰੀ, ਪ੍ਰਾਈਵੇਟ ਏਡਿਡ ਅਤੇ ਪ੍ਰਾਈਵੇਟ ਸਕੂਲਾਂ ਵਿਚ ਕੁੱਲ 307063 **ਵਿਦਿਆਰਥੀ ਪੜ੍ਹ ਰਹੇ ਹਨ (ਕਾਪੀ ਨੱਥੀ)** ***"ਪ੍ਰੰਤੂ ਬਹੁਤ ਹੀ ਖੇਦ ਦੀ ਗੱਲ ਹੈ ਕਿ ਅਜੇ ਤੱਕ ਨੌਵੀ ਅਤੇ ਦਸਵੀ ਦੇ ਕੇਵਲ 42168 ਵਿਦਿਆਰਥੀਆਂ ਵਲੋ ਹੀ ਅਪਲਾਈ ਕੀਤਾ ਗਿਆ ਹੈ"*** (ਨੱਥੀ ਜਿਲ੍ਹਾ ਵਾਈਜ ਰਿਪੋਰਟ)।
2. ਇਸੇ ਤਰ੍ਹਾਂ ਹੀ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ (ਕੰਪੋਨੈਂਟ-2) ਸਕੀਮ ਅਧੀਨ ***ਐਨ.ਐਸ.ਪੀ. ਪੋਰਟਲ ਤੇ ਅਜੇ ਤੱਕ ਸੈਕੰਡਰੀ ਅਤੇ ਐਲੀਮੈਂਟਰੀ ਦੇ ਕੇਵਲ 20 ਵਿਦਿਆਰਥੀਆਂ ਵਲੋ ਹੀ ਅਪਲਾਈ ਕੀਤਾ ਗਿਆ ਹੈ*** (ਨੱਥੀ ਰਿਪੋਰਟ)।
3. ਸਪਸ਼ਟ ਕੀਤਾ ਜਾਂਦਾ ਹੈ ਕਿ ਐਨ.ਐਸ.ਪੀ. ਪੋਰਟਲ ਤੇ ਵਿਦਿਆਰਥੀਆਂ ਦੇ ਅਪਲਾਈ ਕਰਨ ਦੀ ਆਖਰੀ ਮਿਤੀ 28.10.2024 ਹੈ, ਇਸ ਤੋਂ ਬਾਅਦ ਪੋਰਟਲ ਦੀਆਂ ਮਿਤੀਆਂ ਵਿਚ ਵਾਧਾ ਨਹੀ ਕੀਤਾ ਜਾਵੇਗਾ। ***ਇਸ ਲਈ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ District MIS Coordinator ਤੋਂ Component-1 (9th and 10th) ਦੇ ਸਕੂਲ ਵਾਈਜ ਅਤੇ ਕਲਾਸ ਵਾਈਜ ਐਸ.ਸੀ. ਵਿਦਿਆਰਥੀਆਂ ਦੀ ਲਿਸਟ/ਗਿਣਤੀ ਪ੍ਰਾਪਤ ਕਰਨ ਉਪਰੰਤ ਇਸ ਲਿਸਟ/ਗਿਣਤੀ ਦੀ ਤੁਲਣਾ ਐਨ.ਐਸ.ਪੀ. ਪੋਰਟਲ ਤੇ ਅਪਲਾਈ ਕੀਤੇ ਵਿਦਿਆਰਥੀਆਂ ਨਾਲ ਕਰ ਲੈਣ ਤਾਂ ਜੋ ਇਹ ਸਪਸ਼ਟ ਹੋ ਸਕੇ ਕਿ ਕਿਹੜੇ ਅਤੇ ਕਿੰਨੇ ਵਿਦਿਆਰਥੀਆਂ ਵਲੋ ਐਨ.ਐਸ.ਪੀ. ਪੋਰਟਲ ਤੇ ਅਪਲਾਈ ਕੀਤਾ ਜਾ ਚੁੱਕਿਆ ਹੈ ਅਤੇ ਕਿੰਨੇ ਵਿਦਿਆਰਥੀਆਂ ਵਲੋਂ ਅਜੇ ਤੱਕ ਐਨ.ਐਸ.ਪੀ. ਪੋਰਟਲ ਤੇ ਅਪਲਾਈ ਨਹੀ ਕੀਤਾ ਗਿਆ।***
4. *ਉਕਤ ਤੁਲਣਾ ਕਰਨ ਉਪਰੰਤ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵਲੋਂ ਸਬੰਧਤ ਸਕੂਲ ਮੁੱਖੀਆਂ ਨੂੰ ਹਦਾਇਤ ਕਰਨੀ ਬਣਦੀ ਹੈ ਕਿ ਜਿਨ੍ਹਾਂ ਯੋਗ ਲਾਭਪਾਤਰੀਆਂ ਵਲੋ ਅਜੇ ਤੱਕ ਐਨ.ਐਸ.ਪੀ. ਪੋਰਟਲ ਤੇ ਅਪਲਾਈ ਨਹੀ ਕੀਤਾ ਗਿਆ ਹੈ, ਉਨ੍ਹਾਂ ਵਿਦਿਆਰਥੀਆਂ ਨੂੰ ਜਲਦ ਤੋਂ ਜਲਦ ਐਨ.ਐਸ.ਪੀ. ਪੋਰਟਲ ਤੇ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਵਜੀਫੇ ਦੀ ਅਦਾਇਗੀ ਤੋਂ ਵਾਂਝਾ ਨਾ ਰਹਿ ਜਾਵੇ।*
5. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਮੁਖੀਆਂ ਤੋਂ ਇਹ ਸਰਟੀਫਿਕੇਟ ਲੈਣਾ ਯਕੀਨੀ ਬਣਾਇਆ ਜਾਵੇ ਕਿ ਸਾਰੇ ਯੋਗ ਲਾਭਪਾਤਰੀਆਂ ਨੂੰ ਐਨ.ਐਸ.ਪੀ. ਪੋਰਟਲ ਤੇ ਅਪਲਾਈ ਕਰਵਾ ਦਿੱਤਾ ਗਿਆ ਹੈ ਅਤੇ ਕੋਈ ਵੀ ਯੋਗ ਲਾਭਪਾਤਰੀ ਐਨ.ਐਸ.ਪੀ. ਪੋਰਟਲ ਤੇ ਅਪਲਾਈ ਕਰਨ ਤੋਂ ਵਾਂਝਾ ਨਹੀ ਹੈ।
6. ਯੋਗ ਲਾਭਪਾਤਰੀਆਂ ਨੂੰ ਐਨ.ਐਸ.ਪੀ. ਪੋਰਟਲ ਤੇ ਸਮੇਂ ਸਿਰ ਅਪਲਾਈ ਨਾ ਕਰਵਾਉਣ ਦੀ ਸੂਰਤ ਵਿਚ ਸਕੂਲ ਮੁਖੀ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ.) ਦੀ ਨਿੱਜੀ ਜਿੰਮੇਵਾਰੀ ਹੋਵੇਗੀ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਨੱਥੀ- ਨੱਥੀ ਉਕਤ ਅਨੁਸਾਰ।

10.09.2024

ਸਹਾਇਕ ਡਾਇਰੈਕਟਰ (ਵਜੀਫਾ)

Scanned with OKEN Scanner

Scanned with OKEN Scanner

ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-5/10/2024/14031 ਮਿਤੀ 12-09-2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਉਣ ਜੀ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸ)
ਬਠਿੰਡਾ
12/9/24